# ਪੰਜਾਬ ਸਕੂਲ ਸਿੱਖਿਆ ਬੋਰਡ

ਪ੍ਰੈਸ ਨੋਟ

23 ਜੂਨ 2017 ਨੂੰ +2 ਸ਼੍ਰੇਣੀ ਦੇ ਕੰਪਾਰਟਮੈਂਟ ਦੇ 54606 ਪ੍ਰੀਖਿਆਰਥੀ ਜਿਨਾਂ ਨੇ ਵੱਖ-ਵੱਖ 61 ਵਿਸ਼ਿਆਂ ਦੀ ਪ੍ਰੀਖਿਆ ਦਿੱਤੀ ਸੀ ਪਰ ਉਹਨਾ ਦੀ 1 ਵਿਸ਼ੇ ਵਿੱਚੋਂ ਕੰਪਾਰਟਮੈਂਟ ਆਈ ਸੀ, ਉਸ ਦਾ ਨਤੀਜਾ ਅੱਜ ਮਿਤੀ 08-07-2017 ਨੂੰ ਘੋਸ਼ਿਤ ਕੀਤਾ ਗਿਆ ਹੈ। ਇਸ ਨਤੀਜੇ ਵਿੱਚ 40169 ਪ੍ਰੀਖਿਆਰਥੀ ਪਾਸ ਹੋਣ ਤੇ ਇਸ ਨਤੀਜੇ ਦੀ ਪਾਸ ਪ੍ਰਤੀਸ਼ਤਤਾ 73.56% ਰਹੀ, ਅਤੇ 14437 ਪ੍ਰੀਖਿਆਰਥੀ ਜਿਹੜੇ ਇਹ ਪ੍ਰੀਖਿਆ ਪਾਸ ਨਹੀਂ ਕਰ ਸਕੇ, ਉਹ ਫਰਵਰੀ/ਮਾਰਚ-2018 ਦੀ ਪ੍ਰੀਖਿਆ ਦੇਣ ਦੇ ਯੋਗ ਹੋਣਗੇ। ਇਹ ਪਾਸ ਪ੍ਰਤੀਸ਼ਤਤਾ ਪਿੱਛਲੇ 2 ਸਾਲ ਦੀ ਪਾਸ ਪ੍ਰਤੀਸ਼ਤਤਾ ਜੁਲਾਈ-2015 ਵਿੱਚ 64.42% ਅਤੇ ਜੁਲਾਈ 2016 ਵਿੱਚ 52.34 % ਤੋਂ ਵੱਧ ਰਹੀ ਹੈ। ਮਾਨਯੋਗ ਸਿੱਖਿਆ ਮੰਤਰੀ ਸ਼੍ਰੀਮਤੀ ਅਰੁਨਾ ਚੌਧਰੀ ਅਤੇ ਸਕੂਲ ਸਿੱਖਿਆ ਵਿਭਾਗ/ਬੋਰਡ ਅਥਾਰਟੀ ਦੀ ਦੂਰ ਅੰਦੇਸ਼ੀ ਸਦਕੇ 23 ਜੂਨ 2017 ਨੂੰ ਪ੍ਰੀਖਿਆ ਲਈ ਗਈ ਜਿਸ ਨਾਲ ਇਹਨਾ ਬੱਚਿਆ ਦਾ ਸਾਲ ਖਰਾਬ ਹੋਣ ਤੋਂ ਬਚਾਅ ਲਿਆ ਗਿਆ ਹੈ।

ਕੰਪਾਰਟਮੈਂਟ ਪ੍ਰੀਖਿਆਰਥੀਆਂ ਦਾ ਨਤੀਜਾ ਬੋਰਡ ਦੀ ਵੈਬਸਾਈਟ www.pseb.ac.in ਅਤੇ www.indiaresults.com ਤੇ ਮਿਤੀ 09-07-2017 ਨੂੰ ਸਵੇਰੇ 11 :00 ਵਜੇ ਉਪਲੱਬਧ ਹੋਵੇਗਾ।

ਜਿਹਨਾਂ ਪ੍ਰੀਖਿਆਰਥੀਆਂ ਦਾ ਨਤੀਜਾ ਕੰਪਾਰਟਮੈਂਟ ਘੋਸ਼ਿਤ ਹੋਇਆ ਹੈ। ਉਹਨਾਂ ਦਾ ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਸਬੰਧੀ ਸ਼ਡਿਊਲ ਦਾ ਪ੍ਰੈਸ ਨੋਟ ਵੱਖਰੇ ਤੌਰ ਤੇ ਦਿੱਤਾ ਜਾਵੇਗਾ।

ਪੰਜਾਬ ਸਕੂਲ ਸਿੱਖਿਆ ਬੋਰਡ, ਆਨ-ਲਾਈਨ ਪ੍ਰਿੰਟ ਨਤੀਜਿਆਂ ਵਿੱਚ ਕਿਸੇ ਕਿਸਮ ਦੀ ਗਲਤੀ ਲਈ ਜਿੰਮੇਵਾਰ ਨਹੀ ਹੈ ਕਿਉਂਕਿ ਇਹ ਆਨ-ਲਾਈਨ ਘੋਸ਼ਿਤ ਨਤੀਜੇ ਕੇਵਲ ਪ੍ਰੀਖਿਆਰਥੀਆਂ ਦੀ ਤੁਰੰਤ ਜਾਣਕਾਰੀ ਲਈ ਹਨ। ਇਸ ਨੂੰ ਅਸਲ ਨਤੀਜਾ ਨਹੀਂ ਮੰਨਿਆ ਜਾ ਸਕਦਾ। ਅਸਲ ਨਤੀਜਾ ਕਾਰਡ ਬੋਰਡ ਵੱਲੋਂ ਵੱਖਰੇ ਤੌਰ ਤੇ ਬਾਅਦ ਵਿੱਚ ਜਾਰੀ ਕੀਤੇ ਜਾਣੇ ਹਨ। ਪ੍ਰੀਖਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਹੀ ਜਾਣਕਾਰੀ ਲਈ ਬੋਰਡ ਵੱਲੋਂ ਜਾਰੀ ਨਤੀਜ਼ਾ ਕਾਰਡਾਂ ਤੇ ਹੀ ਨਿਰਭਰ ਕਰਨ।

ਸਹੀ/-

ਉੱਪ-ਸਕੱਤਰ (ਪ੍ਰੀਖਿਆ-3)